ਫਾਈਲ ਨੰਬਰ (ਈ-465632/2023)/(ਦ.ਅ.-6)/2023157834

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।

(ਦਫ਼ਤਰੀ ਅਮਲਾ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ/ਐਸਿ),
ਪੰਜਾਬ।

ਮਿਤੀ, ਐਸ.ਏ.ਐਸ.ਨਗਰ- 6-6-23

ਵਿਸ਼ਾ- ਦਰਜਾਚਾਰ ਕਰਮਚਾਰੀਆਂ ਦੀਆਂ ਆਮ ਬਦਲੀਆਂ ਸਾਲ 2023 ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਖੇਤਰੀ ਦਫ਼ਤਰਾਂ ਵਿੱਚ ਕੰਮ ਕਰਦੇ ਬਦਲੀ ਦੇ ਚਾਹਵਾਨ ਦਰਜਾਚਾਰ ਕਰਮਚਾਰੀਆਂ ਦੀਆਂ ਪ੍ਰਤੀਬੇਨਤੀਆਂ ਮਿਤੀ 09.06.2023 ਤੱਕ ਮੰਗੀਆਂ ਜਾਂਦੀਆਂ ਹਨ।

2.0 ਆਪਣੇ ਅਧੀਨ ਪੈਂਦੇ ਸਮੂਹ ਦਫ਼ਤਰਾਂ / ਸਕੂਲਾਂ / ਸੰਸਥਾਵਾਂ ਵਿੱਚ ਤੈਨਾਤ ਸਮੂਹ ਕਰਮਚਾਰੀਆਂ ਨੂੰ ਇਸ ਸਬੰਧੀ ਨੋਟ ਕਰਵਾ ਦਿੱਤਾ ਜਾਵੇ ਕਿ ਜੋ ਵੀ ਬਦਲੀਆਂ ਦੇ ਚਾਹਵਾਨ ਹੋਣ ਉਹ ਮਿਤੀ 09.06.2023 ਤੱਕ ਬਦਲੀਆਂ ਦੀਆਂ ਅਰਜੀਆਂ ਸਬੰਧਤ ਜਿਲੇ ਦੇ ਦਫ਼ਤਰ ਨੂੰ ਪੁੱਜਦੀਆਂ ਕਰ ਦੇਣ।

3.0 ਬਦਲੀਆਂ ਦੀਆਂ ਪ੍ਰਤੀ-ਬੇਨਤੀਆਂ ਵਿੱਚ ਕਰਮਚਾਰੀਆਂ ਦੇ ਦਰਜ ਕੀਤੇ ਵੇਰਵੇ ਹੇਠ ਲਿਖੇ ਪ੍ਰਫਾਰਮੇ ਵਿੱਚ ਭਰਕੇ, ਸਾਰੀਆਂ ਪ੍ਰਤੀ-ਬੇਨਤੀਆਂ ਪ੍ਰਫਾਰਮੇ ਨਾਲ ਨੱਥੀ ਕਰਕੇ ਭੇਜੀਆਂ ਜਾਣ-

ਜਿਲੇ ਦਾ ਨਾਮ............................

| ਲੜੀ ਨੰਬਰ | ਕਰਮਚਾਰੀ ਦਾ ਨਾਮ | ਅਹੁੱਦਾ | ਮੌਜੂਦਾ ਕੰਮ ਕਰਨ ਦਾ ਸਥਾਨ | ਮੰਗਿਆ ਗਿਆ ਸਟੇਸ਼ਨ | ਮੰਗੇ ਗਏ ਸਟੇਸ਼ਨ ਤੇ ਕਰਮਚਾਰੀ ਦੀ ਆਪਣੀ ਆਸਾਮੀ ਦੇ ਖਾਲੀ ਹੋਣ ਦੀ ਪੁਸ਼ਟੀ ਕੀਤੀ ਜਾਵੇ | ਵਿਸ਼ੇਸ਼ ਕਥਨ/ ਕੈਟਾਗਰੀ, ਜਿਵੇਂ ਅੰਗਹੀਣ, ਵਿਧਵਾ ਜਾਂ ਸ਼ਹੀਦ ਦੇ ਪਰਿਵਾਰ ਤੋਂ ਆਦਿ ਦਰਜ ਕੀਤਾ ਜਾਵੇ |
|---|---|---|---|---|---|---|

**ਜ਼ਰੂਰੀ ਨੋਟ-**

1. ਦਰਜਾਚਾਰ ਕਰਮਚਾਰੀਆਂ ਦਾ ਅਹੁੱਦਾ ਸਪੱਸ਼ਟ ਲਿਖਿਆ ਜਾਵੇ ਕਿ ਉਹ ਸੇਵਾਦਾਰ, ਸਫਾਈ ਸੇਵਕ, ਚੌਕੀਂਦਾਰ ਆਦਿ ਹੈ ਅਤੇ ਉਸ ਦੇ ਵੱਲੋਂ ਮੰਗਿਆ ਗਿਆ ਸਟੇਸ਼ਨ ਵੀ ਉਸੇ ਅਹੁੱਦੇ ਅਨੁਸਾਰ ਹੀ ਖਾਲੀ ਹੈ।
2. ਹੁਣ ਤੱਕ ਪ੍ਰਾਪਤ ਹੋਈਆਂ ਪ੍ਰਤੀ-ਬੇਨਤੀਆਂ ਦੀ ਸੂਚੀ ਵੀ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ, ਇਸ ਸੂਚੀ ਵਿੱਚ ਸਬੰਧਤ ਕਰਮਚਾਰੀਆਂ ਵੱਲੋਂ ਦਰਸਾਏ ਵੇਰਵਿਆਂ ਦੀ ਪੁਸ਼ਟੀ ਉਕਤ ਪ੍ਰਫਾਰਮੇ ਵਿੱਚ ਕੀਤੀ ਜਾਵੇ।
3. ਸਮੂਹ ਕਰਮਚਾਰੀਆਂ ਨੂੰ ਆਪਣੇ ਪੱਧਰ ਤੇ ਸੂਚਿਤ ਕਰ ਦਿੱਤਾ ਜਾਵੇ ਕਿ ਹੁਣ ਬਦਲੀਆਂ ਦੀਆਂ ਪ੍ਰਤੀ-ਬੇਨਤੀਆਂ ਕੇਵਲ ਜਿ.ਸਿ.ਅ. ਰਾਹੀਂ ਪ੍ਰਾਪਤ ਕੀਤੀਆਂ ਜਾਣਗੀਆਂ। ਸਿੱਧੇ ਡਾਕ ਰਾਹੀਂ, ਮੇਲ ਰਾਹੀਂ ਜਾਂ ਦਸਤੀ ਭੇਜੀਆਂ ਗਈਆਂ ਪ੍ਰਤੀ-ਬੇਨਤੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।
4. ਬਦਲੀਆਂ ਦੀਆਂ ਪ੍ਰਤੀ-ਬੇਨਤੀਆਂ ਮਿਤੀ 09.06.2023 ਤੱਕ ਪ੍ਰਾਪਤ ਕਰਕੇ, ਉਕਤ ਪ੍ਰਫਾਰਮੇ ਸਹਿਤ ਮਿਤੀ 12.06.2023 ਸਵੇਰੇ 7.30 ਵਜੇ ਤੋਂ ਦੁਪਿਹਰ 2.00 ਵਜੇ ਤੱਕ ਦਸਤੀ ਪੁੱਜਦੀਆਂ ਕੀਤੀਆਂ ਜਾਣ। ਇਸ ਉਪਰੰਤ ਬਦਲੀਆਂ ਸਬੰਧੀ ਕੋਈ ਡਾਕ / ਪ੍ਰਤੀ-ਬੇਨਤੀ ਪ੍ਰਾਪਤ ਨਹੀਂ ਕੀਤੀ ਜਾਵੇਗੀ।

ਨੱਥੀ-ਉਕਤ ਅਨੁਸਾਰ

6/6/23

ਸਹਾ.ਡਾਇ.ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।

6/6/23